# *ਪਿਆਰ ਦੀ ਸ਼ਕਤੀ*

ਆਪਣੇ ਬੱਚਿਆਂ ਲਈ ਸਾਡੇ **ਪਿਤਾ** ਦਾ ਜੋ **ਪਿਆਰ** ਹੈ, ਉਸ ਪਿਆਰ ਨੇ **ਉਸ ਨੂੰ ਪ੍ਰੇਰਿਤ ਕੀਤਾ** ਅਤੇ ਉਸ ਨੇ ਆਪਣੇ ਪੁੱਤਰ ਨੂੰ ਪਾਪ ਦਾ ਦੰਡ ਚੁਕਾਉਣ ਲਈ ਅਤੇ ਆਪਣੇ ਬੱਚਿਆਂ ਨੂੰ ਛੁਟਕਾਰਾ ਦੇਣ ਲਈ ਭੇਜਿਆ।

ਕਿਉਂਕਿ ਪਰਮੇਸ਼ੁਰ ਨੇ **. . .** ਅਜਿਹਾ **ਪਿਆਰ ਕੀਤਾ** ਜੋ ਉਹ ਨੇ ਆਪਣਾ ਇਕਲੌਤਾ ਪੁੱਤ੍ਰ **ਬਖ਼ਸ਼ ਦਿੱਤਾ . . .** ਯੂਹੰਨਾ 3:16

ਪਰਮੇਸ਼ੁਰ ਪਿਤਾ ਆਪਣੇ ਪੁੱਤਰ ਯਿਸੂ ਨੂੰ **ਪਿਆਰ ਕਰਦਾ ਹੈ** (ਯੂਹੰਨਾ 3:35 ਅਤੇ 5:20) ਅਤੇ ਯਿਸੂ ਵੀ ਆਪਣੇ ਪਿਤਾ ਨੂੰ ਇੰਨਾ **ਪਿਆਰ ਕਰਦਾ ਹੈ** ਕਿ ਉਸ ਨੇ ਸਭ ਕੁਝ ਤਿਆਗ ਦਿੱਤਾ, ਇੱਥੋਂ ਤੱਕ ਕਿ ਆਪਣੀ ਜਾਨ ਵੀ, ਅਤੇ **ਆਪਣੇ ਲਹੂ ਨਾਲ ਪਰਮੇਸ਼ੁਰ ਦੇ ਲਈ ਲੋਕਾਂ ਨੂੰ** ਮੁੱਲ ਲਿਆ। (ਪਰਕਾਸ਼ ਦੀ ਪੋਥੀ 5:9)।

1 ਪਤਰਸ 1:18-19  ਕਿਉਂ ਜੋ ਤੁਸੀਂ ਜਾਣਦੇ ਹੋ ਭਈ ਤੁਸੀਂ ਆਪਣੀ ਅਕਾਰਥ ਚਾਲ ਤੋਂ ਜਿਹੜੀ ਤੁਹਾਡੇ ਵੱਡਿਆਂ ਤੋਂ ਚਲੀ ਆਈ ਹੈ **ਨਿਸਤਾਰਾ ਪਾਇਆ** ਸੋ ਨਾਸਵਾਨ ਵਸਤਾਂ ਅਰਥਾਤ ਚਾਂਦੀ ਸੋਨੇ ਨਾਲ ਨਹੀਂ। ਸਗੋਂ ਮਸੀਹ ਦੇ **ਅਮੋਲਕ ਲਹੂ ਨਾਲ** ਪਾਇਆ ਜਿਹੜਾ ਨਿਹਕਲੰਕ ਅਤੇ ਬੇਦਾਗ ਲੇਲੇ ਦੀ ਨਿਆਈਂ ਸੀ।

ਅਤੇ ਚੁਕਾਇਆ ਗਿਆ ਮੁੱਲ ਇਹ ਘੋਸ਼ਣਾ ਕਰਦਾ ਹੈ ਕਿ ਉਸ ਦੇ ਲਈ ਉਸ ਦੇ **ਬੱਚਿਆਂ ਦੀ** ਕੀ **ਕੀਮਤ** ਹੈ ਅਤੇ ਸਾਡਾ ਪਿਤਾ ਅਤੇ ਯਿਸੂ **ਸਾਨੂੰ** ਕਿੰਨਾ **ਪਿਆਰ ਕਰਦਾ** ਹੈ।   ਅਸੀਂ ਪਿਆਰ ਵਾਲਾ **ਪਰਿਵਾਰ** ਹਾਂ।

**ਪਿਆਰ** ਨੇ ਸਾਡੇ **ਪਿਤਾ** ਨੂੰ **ਪ੍ਰੇਰਿਤ ਕੀਤਾ**

**ਪਿਆਰ** ਨੇ ਯਿਸੂ ਮਸੀਹ ਨੂੰ ਕਾਰਜ ਕਰਨ ਲਈ **ਪ੍ਰੇਰਿਤ ਕੀਤਾ** ਅਤੇ ਉਸ ਨੂੰ ਇੱਕ **ਮਿਸ਼ਨ** ਦਿੱਤਾ

ਲੂਕਾ 19:10 **. . .** ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ -> ਲੋਕਾਂ ਨੂੰ!

ਇਸ ਉਦੇਸ਼ ਕਰਕੇ ਯਿਸੂ ਨੂੰ ਬਹੁਤ ਵੱਡੀ ਕੀਮਤ ਚੁਕਾਉਣੀ ਪਈ ! !

ਇਹ ਉਦੇਸ਼ ਉਸ ਦੀ ਕੀਮਤ ਬਾਰੇ ਦੱਸਦਾ ਹੈ ਜਿਸ ਨੂੰ ਉਹ ਪਿਆਰ ਕਰਦਾ ਹੈ ਅਤੇ ਖਰੀਦਿਆ ਹੈ।

ਪਰਮੇਸ਼ਰ ਪਿਆਰ ਹੈ ਅਤੇ ਜੋ ਵੀ ਉਹ ਕਰਦਾ / ਕਰਦੇ ਹਨ ਉਹ **ਪਿਆਰ** ਤੋਂ ਹੀ ਸ਼ੁਰੂ ਹੁੰਦਾ ਹੈ।

**ਜ਼ਰੂਰੀ ਹੈ** ਕਿ **ਸਾਡੇ ਹਿਰਦੇ** ਇਸ ਪਿਆਰ ਵਿੱਚ **ਜਕੜੇ ਜਾਣ** ਅਤੇ ਇਹ **ਸਾਨੂੰ ਕਾਰਜ** ਕਰਨ ਲਈ **ਪ੍ਰੇਰਿਤ ਕਰੇ**।

2 ਕੁਰਿੰਥੀਆਂ 5:14-15  **ਮਸੀਹ ਦਾ ਪ੍ਰੇਮ ਸਾਨੂੰ *ਮਜਬੂਰ ਕਰ ਲੈਂਦਾ ਹੈ** ਕਿਉਂ ਜੋ ਅਸੀਂ ਇਹ ਵਿਚਾਰ ਕਰਦੇ ਹਾਂ ਭਈ **ਇੱਕ ਸਭਨਾਂ ਦੇ ਲਈ ਮੋਇਆ** ਇਸੇ ਕਰਕੇ **ਸੱਭੇ ਮੋਏ**। ਅਤੇ ਉਹ ਸਭਨਾਂ ਦੇ ਲਈ ਮੋਇਆ **ਭਈ** ਜਿਹੜੇ ਜੀਉਂਦੇ ਹਨ ਓਹ **ਅਗਾਹਾਂ ਨੂੰ ਆਪਣੇ ਲਈ ਨਹੀਂ** ਸਗੋਂ **ਉਹ ਦੇ ਲਈ ਜੀਉਣ** ਜਿਹੜਾ ਉਨ੍ਹਾਂ ਦੇ ਲਈ ਮੋਇਆ ਅਤੇ ਫੇਰ ਜੀ ਉੱਠਿਆ।

- *συνέχω  ਫੜਨਾ ਜਾਂ ਗ੍ਰਿਫ਼ਤਾਰ ਕਰਨਾ (ਕੈਦੀ ਨੂੰ) ਪ੍ਰਤੀਕਾਤਮਕ ਰੂਪ ਵਿੱਚ, ਮਜ਼ਬੂਰ ਕਰਨਾ
- ਜਦੋਂ ਅਸੀਂ ਇਸ **ਪਿਆਰ** ਨੂੰ **ਪੂਰੀ ਤਰ੍ਹਾਂ ਸਮਝ ਜਾਂਦੇ ਹਾਂ** ਤਾਂ ਅਸੀਂ **ਅਗਾਹਾਂ ਨੂੰ ਆਪਣੇ ਲਈ ਨਹੀਂ ਸਗੋਂ ਉਹ ਦੇ ਲਈ** ਜੀਵਾਂਗੇ **ਜਿਹੜਾ** ਸਾਡੇ ਲਈ **ਮੋਇਆ ਅਤੇ ਫੇਰ ਜੀ ਉੱਠਿਆ**।
- ਅਤੇ ਅਸੀਂ ਲੋਕਾਂ ਨੂੰ ਉਸੇ ਤਰ੍ਹਾਂ **ਪਿਆਰ ਕਰਾਂਗੇ** ਜਿਸ ਤਰ੍ਹਾਂ **ਉਸ ਨੇ ਕੀਤਾ**।

  ਉਸ ਨੇ ਸਭ ਕੁਝ ਤਿਆਗ ਕੇ ਦਾਸ ਦਾ ਰੂਪ ਧਾਰਿਆ   ਫਿਲਿੱਪੀਆਂ 2

- ਜਿੰਨਾ ਜ਼ਿਆਦਾ ਅਸੀਂ ਇਸ ਗੱਲ ਨੂੰ ਸਮਝਦੇ ਜਾਵਾਂਗੇ ਕਿ ਉਹ **ਸਾਨੂੰ** ਕਿੰਨਾ **ਪਿਆਰ ਕਰਦਾ ਹੈ**, ਉਨ੍ਹਾਂ ਜ਼ਿਆਦਾ ਅਸੀਂ **ਉਸ ਨਾਲ ਪਿਆਰ ਕਰਾਂਗੇ**। ਅਸੀਂ ਪ੍ਰੇਮ ਕਰਦੇ ਹਾਂ ਇਸ ਲਈ ਜੋ ਪਹਿਲਾਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ। 1 ਯੂਹੰਨਾ 4:19

## ਕੇਵਲ ਤਾਂ ਹੀ ਵੱਡੇ ਹੁਕਮ ਦਾ ਪੂਰੀ ਤਰ੍ਹਾਂ ਪਾਲਣ ਕੀਤਾ ਜਾ ਸਕੇਗਾ।

ਗੁਰੂ ਜੀ, ਤੁਰੇਤ ਵਿੱਚ **ਵੱਡਾ ਹੁਕਮ** ਕਿਹੜਾ ਹੈ? "ਅਤੇ ਉਹ ਨੇ ਉਸ ਨੂੰ ਕਿਹਾ, ਤੂੰ **ਪ੍ਰਭੂ** ਆਪਣੇ ਪਰਮੇਸ਼ੁਰ **ਨੂੰ** ਆਪਣੇ **ਸਾਰੇ** ਦਿਲ ਨਾਲ ਅਤੇ ਆਪਣੀ **ਸਾਰੀ** ਜਾਨ ਨਾਲ ਅਤੇ ਆਪਣੀ **ਸਾਰੀ** ਬੁੱਧ ਨਾਲ ਪਿਆਰ ਕਰ। **ਵੱਡਾ** ਅਤੇ **ਪਹਿਲਾ** ਹੁਕਮ ਇਹੋ ਹੈ। ਅਤੇ **ਦੂਆ** ਇਹ ਦੇ ਵਾਂਙੁ ਹੈ ਕਿ ਤੂੰ **ਆਪਣੇ ਗੁਆਂਢੀ ਨੂੰ** ਆਪਣੇ ਜਿਹਾ **ਪਿਆਰ ਕਰ**। ਮੱਤੀ 22:36-39

ਜੇ ਤੁਸੀਂ ਵੱਡੇ ਹੁਕਮ ਦਾ ਪਾਲਣ ਕਰੋਗੇ ਤਾਂ ਤੁਹਾਨੂੰ ਵੀ ਯਿਸੂ ਵਾਂਗ ਮਹਾਨ ਆਗਿਆ ਮਿਲੇਗੀ:

1 ਤਿਮੋਥਿਉਸ 1:5 ਪਰ ਆਗਿਆ ਦਾ ਤਾਤਪਰਜ ਉਹ **ਪ੍ਰੇਮ** ਹੈ ਜਿਹੜਾ **ਸ਼ੁੱਧ ਮਨ** ਅਤੇ **ਸਾਫ਼ ਅੰਤਹਕਰਨ** ਅਤੇ **ਨਿਸ਼ਕਪਟ ਨਿਹਚਾ** ਤੋਂ ਹੁੰਦਾ ਹੈ।

1 ਯੂਹੰਨਾ 4:7-8 ਹੇ ਪਿਆਰਿਓ, ਆਓ ਅਸੀਂ **ਇੱਕ ਦੂਏ ਨਾਲ ਪ੍ਰੇਮ ਰੱਖੀਏ** ਕਿਉਂ ਜੋ **ਪ੍ਰੇਮ** ਪਰਮੇਸ਼ੁਰ ਤੋਂ ਹੈ ਅਤੇ ਹਰੇਕ **ਜਿਹੜਾ ਪ੍ਰੇਮ ਕਰਦਾ ਹੈ** ਉਹ **ਪਰਮੇਸ਼ੁਰ ਤੋਂ ਜੰਮਿਆ** ਹੋਇਆ ਹੈ ਅਤੇ **ਪਰਮੇਸ਼ੁਰ ਨੂੰ ਜਾਣਦਾ ਹੈ**। (ਅਸੀਂ ਦੂਜਿਆਂ ਨਾਲ ਜਿੰਨਾ ਪਿਆਰ ਕਰਦੇ ਹਾਂ ਉਸੇ ਤੋਂ ਪਤਾ ਲੱਗਦਾ ਹੈ ਕਿ ਅਸੀਂ ਪਿਤਾ ਦੇ ਦਿਲ ਨੂੰ ਕਿੰਨਾ ਜਾਣਦੇ ਹਾਂ) 8 ਜਿਹੜਾ **ਪ੍ਰੇਮ ਨਹੀਂ ਕਰਦਾ** ਉਹ **ਪਰਮੇਸ਼ੁਰ ਨੂੰ ਨਹੀਂ ਜਾਣਦਾ**। ਕਿਉਂ ਜੋ ਪਰਮੇਸ਼ੁਰ ਪ੍ਰੇਮ ਹੈ।

ਲੂਕਾ 10:1-3 ਪ੍ਰਭੂ ਨੇ **ਸੱਤਰ ਹੋਰ ਵੀ ਠਹਿਰਾਏ** (ਹੁਣ ਉਸ ਨੇ **ਤੁਹਾਨੂੰ** ਆਪਣੇ ਸੇਵਕ ਦੇ ਤੌਰ 'ਤੇ ਬੁਲਾਇਆ ਅਤੇ ਨਿਯੁਕਤ ਕੀਤਾ ਹੈ) ਅਰ ਹਰ ਨਗਰ ਅਤੇ ਹਰ ਥਾਂ ਜਿੱਥੇ ਆਪ ਜਾਣ ਵਾਲਾ ਸੀ ਉਨ੍ਹਾਂ ਨੂੰ ਦੋ ਦੋ ਕਰਕੇ ਆਪਣੇ ਅੱਗੇ ਘੱਲਿਆ। ਤਾਂ ਉਸ ਨੇ ਉਨ੍ਹਾਂ ਨੂੰ ਆਖਿਆ, ਫ਼ਸਲ ਤਾਂ ਬਹੁਤ ਹੈ ਪਰ **ਵਾਢੇ ਥੋੜੇ ਹਨ** ਇਸ ਲਈ ਤੁਸੀਂ ਫ਼ਸਲ ਦੇ ਮਾਲਕ ਅੱਗੇ **ਬੇਨਤੀ ਕਰੋ** ਜੋ ਉਹ ਆਪਣੀ ਫ਼ਸਲ ਵੱਢਣ ਨੂੰ **ਵਾਢੇ ਘੱਲ ਦੇਵੇ**। 3 ਜਾਓ **. . .**

- ਯਿਸੂ ਦੇ ਮਨ ਵਿੱਚ ਲੋਕਾਂ ਲਈ ਇਹੋ ਡੂੰਘੀ ਇੱਛਾ ਹੈ ਜੋ ਪਿਆਰ ਤੋਂ ਪ੍ਰੇਰਿਤ ਹੈ

17 ਓਹ ਸੱਤਰ ਅਨੰਦ ਨਾਲ ਮੁੜੇ ਅਰ ਬੋਲੇ ਕਿ ਪ੍ਰਭੂ ਜੀ ਤੇਰੇ ਨਾਮ ਕਰਕੇ ਭੂਤ ਭੀ ਸਾਡੇ ਵੱਸ ਵਿੱਚ ਹਨ ! 18 "ਉਸ ਨੇ ਉਨ੍ਹਾਂ ਨੂੰ ਆਖਿਆ, ਮੈਂ ਸ਼ਤਾਨ ਨੂੰ ਬਿਜਲੀ ਵਾਂਙੁ ਡਿੱਗਾ ਹੋਇਆ ਡਿੱਠਾ। "19 ਵੇਖੋ **ਮੈਂ ਤੁਹਾਨੂੰ** ਸੱਪਾਂ ਅਤੇ ਠੂਹਿਆਂ ਦੇ ਲਿਤਾੜਨ ਦਾ ਅਰ ਵੈਰੀ ਦੀ ਸਾਰੀ ਸ਼ਕਤੀ ਉੱਤੇ **ਇਖ਼ਤਿਆਰ ਦਿੱਤਾ ਹੈ** ਅਤੇ ਕੋਈ ਵੀ ਚੀਜ਼ ਤੁਹਾਡਾ ਨੁਕਸਾਨ ਨਾ ਕਰੇਗੀ। 20 ਪਰ ਇਸ ਤੋਂ ਅਨੰਦ ਨਾ ਹੋਵੋ ਕਿ ਰੂਹਾਂ ਤੁਹਾਡੇ ਵੱਸ ਵਿੱਚ ਹਨ ਪਰ **ਇਸ ਤੋਂ ਅਨੰਦ ਹੋਵੋ ਭਈ ਤੁਹਾਡੇ ਨਾਉਂ ਸੁਰਗ ਵਿੱਚ ਲਿਖੇ ਹੋਏ ਹਨ**।

25 ਤਾਂ ਵੇਖੋ ਇੱਕ ਸ਼ਰ੍ਹਾ ਦੇ ਸਿਖਾਉਨ ਵਾਲੇ ਨੇ ਉਹ ਦੇ ਪਰਤਾਉਣ ਲਈ ਖੜੇ ਹੋ ਕੇ ਕਿਹਾ, ਗੁਰੂ ਜੀ, ਮੈਂ ਕੀ ਕਰਾਂ ਜੋ ਸਦੀਪਕ ਜੀਉਣ ਦਾ ਅਧਿਕਾਰੀ ਹੋਵਾਂ? 26 ਉਸ ਨੇ ਉਹ ਨੂੰ ਆਖਿਆ ਕਿ ਤੁਰੇਤ ਵਿੱਚ ਕੀ ਲਿਖਿਆ ਹੋਇਆ ਹੈ? ਤੂੰ ਕਿੱਕੁਰ ਪੜ੍ਹਦਾ ਹੈਂ? 27 ਤਾਂ ਉਹ ਨੇ ਉੱਤਰ ਦਿੱਤਾ ਕਿ ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ **ਸਾਰੇ** ਦਿਲ ਨਾਲ ਅਤੇ ਆਪਣੀ **ਸਾਰੀ** ਜਾਨ ਨਾਲ ਅਤੇ ਆਪਣੀ **ਸਾਰੀ** ਸ਼ਕਤੀ ਨਾਲ ਅਤੇ ਆਪਣੀ **ਸਾਰੀ** ਬੁੱਧ ਨਾਲ ਪਿਆਰ ਕਰ ਅਰ ਆਪਣੇ ਗੁਆਂਢੀ ਨੂੰ ਆਪਣੇ ਜਿਹਾ। 28 ਉਸ ਨੇ ਉਹ ਨੂੰ ਆਖਿਆ, ਤੈਂ ਠੀਕ ਉੱਤਰ ਦਿੱਤਾ, **ਇਹੋ ਕਰ** ਤਾਂ ਤੂੰ ਜੀਏਂਗਾ।

- ਮਨੁੱਖ ਕੇਵਲ ਇੱਕੋ ਤਰੀਕੇ ਨਾਲ ਇਹ ਕਰ ਸਕਦਾ ਹੈ ਅਤੇ ਉਹ ਹੈ ਆਪਣੇ ਦਿਲ ਵਿੱਚ **ਪਰਮੇਸ਼ੁਰ ਨੂੰ ਜਿਹੜਾ ਪ੍ਰੇਮ ਹੈ** ਰੱਖ ਕੇ
- 1 ਯੂਹੰਨਾ 4:7-8 ਹੇ ਪਿਆਰਿਓ, **ਆਓ ਅਸੀਂ ਇੱਕ ਦੂਏ ਨਾਲ ਪ੍ਰੇਮ ਰੱਖੀਏ** ਕਿਉਂ ਜੋ **ਪ੍ਰੇਮ ਪਰਮੇਸ਼ੁਰ ਤੋਂ ਹੈ** ਅਤੇ ਹਰੇਕ **ਜਿਹੜਾ ਪ੍ਰੇਮ ਕਰਦਾ ਹੈ ਉਹ ਪਰਮੇਸ਼ੁਰ ਤੋਂ ਜੰਮਿਆ ਹੋਇਆ** ਹੈ ਅਤੇ **ਪਰਮੇਸ਼ੁਰ ਨੂੰ ਜਾਣਦਾ ਹੈ। ਜਿਹੜਾ ਪ੍ਰੇਮ ਨਹੀਂ ਕਰਦਾ ਉਹ ਪਰਮੇਸ਼ੁਰ ਨੂੰ ਨਹੀਂ ਜਾਣਦਾ। ਕਿਉਂ ਜੋ ਪਰਮੇਸ਼ੁਰ ਪ੍ਰੇਮ ਹੈ।**

29 ਪਰ **ਉਹ ਜੋ ਚਾਹੁੰਦਾ ਸੀ ਭਈ ਆਪਣੇ ਤਾਈਂ ਸੱਚਾ ਠਹਿਰਾਵੇ** ਯਿਸੂ ਨੂੰ ਕਿਹਾ, ਫੇਰ ਕੌਣ ਹੈ ਮੇਰਾ ਗੁਆਂਢੀ?

- ਅਸੀਂ ਕਿੰਨੀ ਵਾਰ ਆਪਣੇ ਆਪ ਨੂੰ ਸਹੀ ਠਹਿਰਾਉਂਦੇ ਹਾਂ?? "ਉਨ੍ਹਾਂ ਨੇ ਕਿਹਾ **. . .**" "ਉਸ ਨੇ ਕਿਹਾ **. .**

30 ਯਿਸੂ ਨੇ ਉੱਤਰ ਦਿੱਤਾ:

ਇੱਕ ਮਨੁੱਖ ਯਰੂਸ਼ਲਮ ਤੋਂ ਯਰੀਹੋ ਨੂੰ ਜਾਂਦਾ ਸੀ ਅਤੇ **ਡਾਕੂਆਂ** ਦੇ ਕਾਬੂ ਆ ਗਿਆ ਅਤੇ ਉਨ੍ਹਾਂ ਨੇ ਉਸ ਨੂੰ ਨੰਗਾ ਕਰਕੇ ਮਾਰਿਆ ਅਰ ਅਧਮੋਇਆ ਛੱਡ ਕੇ ਚੱਲੇ ਗਏ।

- 1 ਯੂਹੰਨਾ 4:7-8 ਹੇ ਪਿਆਰਿਓ, ਆਓ ਅਸੀਂ ਇੱਕ ਦੂਏ ਨਾਲ ਪ੍ਰੇਮ ਰੱਖੀਏ ਕਿਉਂ ਜੋ **ਪ੍ਰੇਮ ਪਰਮੇਸ਼ੁਰ ਤੋਂ ਹੈ** ਅਤੇ ਹਰੇਕ ਜਿਹੜਾ ਪ੍ਰੇਮ ਕਰਦਾ ਹੈ ਉਹ **ਪਰਮੇਸ਼ੁਰ ਤੋਂ ਜੰਮਿਆ** ਹੋਇਆ ਹੈ ਅਤੇ **ਪਰਮੇਸ਼ੁਰ ਨੂੰ ਜਾਣਦਾ** ਹੈ। **ਜਿਹੜਾ ਪ੍ਰੇਮ ਨਹੀਂ ਕਰਦਾ ਉਹ ਪਰਮੇਸ਼ੁਰ ਨੂੰ ਨਹੀਂ ਜਾਣਦਾ। ਕਿਉਂ ਜੋ ਪਰਮੇਸ਼ੁਰ ਪ੍ਰੇਮ ਹੈ।**
- ਡਾਕੂਆਂ ਦੇ ਦਿਲ ਵਿੱਚ **ਲੋਕਾਂ ਲਈ ਕੋਈ ਪਿਆਰ ਨਹੀਂ** ਸੀ, ਇਸ ਲਈ **ਪਰਮੇਸ਼ਰ ਲਈ ਵੀ ਪਿਆਰ ਨਹੀਂ** ਸੀ।
- **ਲੋਕਾਂ ਦਾ ਕੋਈ ਮੁੱਲ ਨਹੀਂ ਸੀ।** ਉਨ੍ਹਾਂ ਲਈ ਉਸ ਵਿਅਕਤੀ ਨਾਲੋਂ ਉਸ ਦੇ ਕੱਪੜੇ ਅਤੇ ਉਸ ਦਾ ਪੈਸਾ ਜ਼ਿਆਦਾ ਕੀਮਤੀ ਸੀ। ਇਹ ਸੰਸਾਰ ਦੇ ਜ਼ਿਆਦਾਤਰ ਲੋਕਾਂ ਦੀ ਤਸਵੀਰ ਹੈ ਅਤੇ ਅਫਸੋਸ **. . .** ਬਹੁਤ ਸਾਰੇ ਮਸੀਹੀਆਂ ਦੀ ਵੀ।
- **ਡਾਕੂਆਂ ਨੂੰ ਜ਼ਰੂਰਤ ਹੈ ਕਿ ਕੋਈ ਉਨ੍ਹਾਂ ਨੂੰ ਪਿਆਰ ਕਰੇ** ਅਤੇ ਉਨ੍ਹਾਂ ਨੂੰ ਦੱਸੇ ਕਿ ਪਰਮੇਸ਼ਰ ਪਿਤਾ ਅਤੇ ਯਿਸੂ ਉਨ੍ਹਾਂ ਨਾਲ ਕਿੰਨਾ ਪਿਆਰ ਕਰਦਾ ਹੈ। ਉਨ੍ਹਾਂ ਨੂੰ ਨਵਾਂ ਜਨਮ ਪ੍ਰਾਪਤ ਕਰਨ ਦੀ ਜ਼ਰੂਰਤ ਹੈ ਤਾਂਕਿ ਉਹ ਉਸ ਪਰਮੇਸ਼ਰ ਨੂੰ ਜਾਣ ਸਕਣ ਜਿਹੜਾ ਪ੍ਰੇਮ ਹੈ ਅਤੇ ਇਹ ਜਾਣ ਸਕਣ ਕਿ ਉਹ ਕਿੰਨੇ ਵੱਡਮੁੱਲੇ ਹਨ, ਬਲਕਿ ਸਭ ਲੋਕ ਪਰਮੇਸ਼ਰ ਲਈ ਕਿੰਨੇ ਵੱਡਮੁੱਲੇ ਹਨ **. . .** ਅਤੇ ਉਨ੍ਹਾਂ ਦੇ ਜੀਵਨ ਬਦਲ ਸਕਣ।

31 ਸਬੱਬ ਨਾਲ ਇੱਕ **ਜਾਜਕ** ਉਸ ਰਸਤੇ ਉਤਰਿਆ ਜਾਂਦਾ ਸੀ ਅਤੇ ਉਹ ਨੂੰ ਵੇਖ ਕੇ **ਲਾਂਭੇ ਹੋ ਕੇ ਲੰਘ ਗਿਆ**। 32 ਇਸੇ
ਤਰਾਂ ਇੱਕ **ਲੇਵੀ** ਵੀ ਉੱਥੇ ਪਹੁੰਚਿਆ ਅਤੇ ਉਹ ਨੂੰ ਵੇਖ ਕੇ **ਲਾਂਭੇ ਹੋ ਕੇ ਲੰਘ ਗਿਆ**।

- ਜਾਜਕ ਅਤੇ ਲੇਵੀ ਸੰਸਾਰ ਦੇ ਬਹੁਤ ਸਾਰੇ ਧਾਰਮਿਕ ਆਗੂਆਂ ਅਤੇ ਲੋਕਾਂ ਨੂੰ ਦਰਸਾਉਂਦੇ ਹਨ। ਉਹ ਕਹਿੰਦੇ ਹਨ ਕਿ ਉਹ ਪਰਮੇਸ਼ਰ ਨਾਲ ਪਿਆਰ ਕਰਦੇ ਹਨ; ਕਈ ਕਹਿੰਦੇ ਹਨ ਕਿ ਉਹ ਲੋਕਾਂ ਨਾਲ ਪਿਆਰ ਕਰਦੇ ਹਨ।
- 1 ਯੂਹੰਨਾ 4:7-8 ਹੇ ਪਿਆਰਿਓ, ਆਓ ਅਸੀਂ ਇੱਕ ਦੂਏ ਨਾਲ ਪ੍ਰੇਮ ਰੱਖੀਏ ਕਿਉਂ ਜੋ ਪ੍ਰੇਮ ਪਰਮੇਸ਼ੁਰ ਤੋਂ ਹੈ ਅਤੇ ਹਰੇਕ ਜਿਹੜਾ ਪ੍ਰੇਮ ਕਰਦਾ ਹੈ ਉਹ **ਪਰਮੇਸ਼ੁਰ ਤੋਂ ਜੰਮਿਆ** ਹੋਇਆ ਹੈ ਅਤੇ **ਪਰਮੇਸ਼ੁਰ ਨੂੰ ਜਾਣਦਾ ਹੈ। ਜਿਹੜਾ ਪ੍ਰੇਮ ਨਹੀਂ ਕਰਦਾ ਉਹ ਪਰਮੇਸ਼ੁਰ ਨੂੰ ਨਹੀਂ ਜਾਣਦਾ। ਕਿਉਂ ਜੋ ਪਰਮੇਸ਼ੁਰ ਪ੍ਰੇਮ ਹੈ।**
- ਸੰਸਾਰ ਦੇ ਬਹੁਤ ਸਾਰੇ ਧਰਮ ਕਹਿੰਦੇ ਹਨ ਕਿ ਉਹ ਪਰਮੇਸ਼ਰ ਨਾਲ ਪਿਆਰ ਕਰਦੇ ਹਨ, ਪਰ ਅਕਸਰ ਉਹ ਲਾਂਭੇ ਹੋ ਕੇ ਲੰਘ ਜਾਂਦੇ ਹਨ, ਜਾਂ ਇਸ ਤੋਂ ਵੀ ਬੁਰਾ, ਉਹ ਲੋਕਾਂ ਨਾਲ ਡਾਕੂਆਂ ਵਾਲਾ ਵਿਹਾਰ ਕਰਦੇ ਹਨ।

33 ਪਰ ਇੱਕ **ਸਾਮਰੀ** (ਇੱਕ ਸਧਾਰਨ ਇਨਸਾਨ, ਕੋਈ ਧਾਰਮਿਕ ਵਿਅਕਤੀ ਨਹੀਂ) ਸਫ਼ਰ ਕਰਦਾ ਹੋਇਆ ਉੱਥੇ ਆਇਆ। 34 ਅਤੇ ਜਾਂ ਉਹ ਨੂੰ ਵੇਖਿਆ ਤਾਂ **ਤਰਸ ਖਾ ਕੇ** ਉਹ ਦੇ ਕੋਲ ਗਿਆ ਅਤੇ ਤੇਲ ਅਰ ਮੈ ਲਾਕੇ ਉਹ ਦੇ **ਘਾਵਾਂ ਨੂੰ ਬੰਨ੍ਹਿਆ** ਅਰ ਆਪਣੀ ਅਸਵਾਰੀ ਤੇ **ਉਹ ਨੂੰ** ਚੜ੍ਹਾ ਕੇ **ਸਰਾਂ ਵਿੱਚ ਲਿਆਂਦਾ** ਅਤੇ **ਉਹ ਦੀ ਟਹਿਲ ਟਕੋਰ ਕੀਤੀ**। 35 "ਫੇਰ ਸਵੇਰ ਨੂੰ **ਦੋ ਅੱਠਿਆਨੀਆਂ** ਕੱਢ ਕੇ ਭਠਿਆਰੇ ਨੂੰ ਦਿੱਤੀਆਂ ਅਤੇ ਆਖਿਆ ਭਈ **ਇਹ ਦੀ ਟਹਿਲ ਟਕੋਰ ਕਰਦਾ ਰਹੀਂ**, ਅਰ ਜੋ ਕੁਝ ਤੇਰਾ ਹੋਰ ਲੱਗੂ ਸੋ ਮੈਂ ਜਾਂ ਮੁੜ ਆਵਾਂ **ਤੇਰਾ ਭਰ ਦਿਆਂਗਾ**। " 36 ਸੋ ਉਸ ਮਨੁੱਖ ਦਾ ਜੋ ਡਾਕੂਆਂ ਦੇ ਹੱਥ ਪੈ ਗਿਆ ਉਨ੍ਹਾਂ ਤੇਹਾਂ ਵਿੱਚੋਂ ਕਿਹੜਾ ਤੈਨੂੰ ਗੁਆਂਢੀ ਮਲੂਮ ਹੁੰਦਾ ਹੈ ?

37 ਉਹ ਬੋਲਿਆ, ਜਿਹ ਨੇ ਉਸ ਉੱਤੇ ਦਯਾ ਕੀਤੀ। ਫੇਰ ਯਿਸੂ ਨੇ ਉਹ ਨੂੰ ਆਖਿਆ,

## ਤੂੰ ਵੀ ਜਾ ਕੇ ਏਵੇਂ ਹੀ ਕਰ

ਜੇ ਅਸੀਂ ਵੱਡੇ ਹੁਕਮ ਨੂੰ ਮੰਨਦੇ ਹਾਂ, ਕੇਵਲ ਤਾਂ ਹੀ ਅਸੀਂ ਮਹਾਨ ਆਗਿਆ ਨੂੰ ਪੂਰਾ ਕਰਾਂਗੇ **. . .** ਆਪਣੇ ਗੁਆਂਢੀ ਨੂੰ ਆਪਣੇ ਵਾਂਗ ਪਿਆਰ ਕਰ।

- 1 ਯੂਹੰਨਾ 4:7-8 ਹੇ ਪਿਆਰਿਓ, ਆਓ ਅਸੀਂ ਇੱਕ ਦੂਏ ਨਾਲ ਪ੍ਰੇਮ ਰੱਖੀਏ ਕਿਉਂ ਜੋ **ਪ੍ਰੇਮ ਪਰਮੇਸ਼ੁਰ ਤੋਂ ਹੈ** ਅਤੇ ਹਰੇਕ ਜਿਹੜਾ ਪ੍ਰੇਮ ਕਰਦਾ ਹੈ ਉਹ **ਪਰਮੇਸ਼ੁਰ ਤੋਂ ਜੰਮਿਆ** ਹੋਇਆ ਹੈ ਅਤੇ **ਪਰਮੇਸ਼ੁਰ ਨੂੰ ਜਾਣਦਾ** ਹੈ। **ਜਿਹੜਾ ਪ੍ਰੇਮ ਨਹੀਂ ਕਰਦਾ ਉਹ ਪਰਮੇਸ਼ੁਰ ਨੂੰ ਨਹੀਂ ਜਾਣਦਾ। ਕਿਉਂ ਜੋ ਪਰਮੇਸ਼ੁਰ ਪ੍ਰੇਮ ਹੈ।**
- ਸਾਮਰੀ ਉਸ ਦੇ ਕੋਲੋਂ ਦੀ ਹੋ ਕੇ ਲੰਘ ਨਹੀਂ ਗਿਆ। ਸੜਕ ਦੇ ਕੰਢੇ ਮਾਰ-ਕੁੱਟ ਕੇ ਸੁੱਟਿਆ ਹੋਇਆ ਵਿਅਕਤੀ ਉਸ ਸਾਮਰੀ ਦੇ ਲਈ ਉਸ ਦੇ ਕੰਮ, ਸਮਾਂ-ਸਾਰਣੀ, ਸਮੇਂ ਅਤੇ ਪੈਸੇ ਨਾਲੋਂ ਜ਼ਿਆਦਾ ਮਹੱਤਵਪੂਰਣ ਸੀ।

**ਪਿਆਰ ਦੀ ਸ਼ਕਤੀ** ਹੀ ਯਿਸੂ ਨੂੰ ਪ੍ਰੇਰਿਤ ਅਤੇ ਉਤਸ਼ਾਹਿਤ ਕਰਦੀ ਸੀ।

ਉਸ ਦਾ ਜੀਵਨ ਪਿਆਰ ਦਾ ਪ੍ਰਗਟਾਵਾ ਅਤੇ ਐਲਾਨ ਸੀ ਜੋ ਇਸ ਗੱਲ ਦੀ ਗਵਾਹੀ ਸੀ ਕਿ ਉਸ ਦੇ ਲਈ ਲੋਕ ਕਿੰਨੇ ਜ਼ਿਆਦਾ ਵੱਡਮੁੱਲੇ ਸਨ !

ਲੂਕਾ 2:49 ਭਲਾ, ਤੁਸੀਂ ਨਹੀਂ ਜਾਣਦੇ ਸਾਓ ਭਈ **ਮੈਨੂੰ ਚਾਹੀਦਾ ਹੈ** ਜੋ ਆਪਣੇ ਪਿਤਾ ਦੇ ਕੰਮਾਂ ਵਿੱਚ ਲੱਗਾ ਰਹਾਂ? ਪਿਆਰ ਦੁਆਰਾ ਪ੍ਰੇਰਿਤ ਅਤੇ ਉਤਸ਼ਾਹਿਤ ਹੋ ਕੇ

ਲੂਕਾ 4:43 ਪਰ ਉਸ ਨੇ ਉਨ੍ਹਾਂ ਨੂੰ ਆਖਿਆ ਕਿ **ਮੈਨੂੰ ਚਾਹੀਦਾ ਹੈ** ਜੋ ਹੋਰਨਾਂ ਨਗਰਾਂ ਵਿੱਚ ਵੀ ਪਰਮੇਸ਼ੁਰ ਦੇ ਰਾਜ ਦੀ ਖੁਸ਼ ਖਬਰੀ ਸੁਣਾਵਾਂ ਕਿਉਂ ਕਿ ਮੈਂ ਇਸੇ ਲਈ ਘੱਲਿਆ ਗਿਆ। ਪਿਆਰ ਦੁਆਰਾ ਪ੍ਰੇਰਿਤ ਅਤੇ ਉਤਸ਼ਾਹਿਤ ਹੋ ਕੇ

ਯੂਹੰਨਾ 4:4-30 **ਉਸ ਨੂੰ** ਸਾਮਰਿਯਾ ਦੇ ਵਿੱਚੋਂ ਦੀ ਲੰਘਣਾ **ਪਿਆ . . .** ਪਿਆਰ ਨੇ ਇਸ ਔਰਤ ਦੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਅਤੇ ਉਸ ਨੂੰ ਇੱਕ ਵਿਸ਼ਵਾਸੀ ਅਤੇ ਖੁਸ਼ਖ਼ਬਰੀ ਪ੍ਰਚਾਰਕ ਬਣਾ ਦਿੱਤਾ।

ਯੂਹੰਨਾ 10:16 ਅਤੇ ਮੇਰੀਆਂ ਹੋਰ ਵੀ ਭੇਡਾਂ ਹਨ ਜਿਹੜੀਆਂ ਇਸ ਬਾੜੇ ਦੀਆਂ ਨਹੀਂ। **ਮੈਨੂੰ ਚਾਹੀਦਾ ਹੈ ਜੋ ਉਨ੍ਹਾਂ ਨੂੰ** ਵੀ **ਲਿਆਵਾਂ . . .** ਉਹ ਪਿਆਰ ਦੁਆਰਾ ਪ੍ਰੇਰਿਤ ਅਤੇ ਉਤਸ਼ਾਹਿਤ ਸੀ ਇਸ ਲਈ ਉਨ੍ਹਾਂ ਨੂੰ ਅਣਦੇਖਾ ਕਰਕੇ ਅੱਗੇ ਨਾ ਲੰਘ ਸਕਿਆ।

ਮੱਤੀ 4:23 ਯਿਸੂ ਸਾਰੀ ਗਲੀਲ ਵਿੱਚ **ਫਿਰਦਾ ਹੋਇਆ** ਉਨ੍ਹਾਂ ਦੀਆਂ ਸਮਾਜਾਂ ਵਿੱਚ ਉਪਦੇਸ਼ ਦਿੰਦਾ ਅਤੇ ਰਾਜ ਦੀ ਖ਼ੁਸ਼ ਖ਼ਬਰੀ ਦਾ ਪਰਚਾਰ ਕਰਦਾ ਅਤੇ ਲੋਕਾਂ ਵਿੱਚੋਂ ਸਾਰੇ ਰੋਗ ਅਤੇ ਸਾਰੀ ਮਾਂਦਗੀ ਨੂੰ ਹਟਾਉਂਦਾ ਸੀ।

ਉਹ ਪਿਆਰ ਦੁਆਰਾ ਪ੍ਰੇਰਿਤ ਅਤੇ ਉਤਸ਼ਾਹਿਤ ਸੀ ਇਸ ਲਈ ਉਨ੍ਹਾਂ ਨੂੰ ਅਣਦੇਖਾ ਕਰਕੇ ਅੱਗੇ ਨਾ ਲੰਘ ਸਕਿਆ।

ਮੱਤੀ 9:35-38 **ਯਿਸੂ** ਉਨ੍ਹਾਂ ਦੀਆਂ ਸਮਾਜਾਂ ਵਿੱਚ ਉਪਦੇਸ਼ ਦਿੰਦਾ ਅਤੇ ਰਾਜ ਦੀ ਖ਼ੁਸ਼ ਖ਼ਬਰੀ ਦਾ ਪਰਚਾਰ ਕਰਦਾ ਹੋਇਆ ਅਤੇ ਸਾਰੇ ਰੋਗ ਅਤੇ ਸਾਰੀ ਮਾਂਦਗੀ ਦੂਰ ਕਰਦਾ ਹੋਇਆ ਸਰਬੱਤ ਨਗਰਾਂ ਅਤੇ ਪਿੰਡਾਂ ਵਿੱਚ **ਫਿਰਿਆ**। ਅਤੇ ਜਾਂ **ਉਹ ਨੇ ਭੀੜਾਂ ਵੇਖੀਆਂ ਤਾਂ ਉਸ ਨੂੰ ਉਨ੍ਹਾਂ ਉੱਤੇ ਤਰਸ ਆਇਆ** ਕਿਉਂ ਜੋ **ਉਨ੍ਹਾਂ ਭੇਡਾਂ ਵਾਂਙੁ ਜਿਨ੍ਹਾਂ ਦਾ ਅਯਾਲੀ ਨਾ ਹੋਵੇ** ਓਹ ਲੋਕ ਮਾੜੇ ਹਾਲ ਅਤੇ ਡਾਵਾਂ ਡੋਲ ਫਿਰਦੇ ਸਨ। "ਤਦ ਉਹ ਨੇ ਆਪਣੇ ਚੇਲਿਆਂ ਨੂੰ ਆਖਿਆ, **ਖੇਤੀ ਪੱਕੀ ਹੋਈ** ਤਾਂ ਬਹੁਤ ਹੈ ਪਰ **ਵਾਢੇ ਥੋੜੇ** ਹਨ।" ਇਸ ਲਈ ਤੁਸੀਂ ਖੇਤੀ ਦੇ ਮਾਲਕ ਦੇ ਅੱਗੇ **ਬੇਨਤੀ ਕਰੋ** ਜੋ ਉਹ ਆਪਣੀ ਖੇਤੀ ਵੱਢਣ ਨੂੰ ਵਾਢੇ ਘੱਲ ਦੇਵੇ। ਪਿਆਰ ਦੁਆਰਾ ਪ੍ਰੇਰਿਤ ਅਤੇ ਉਤਸ਼ਾਹਿਤ ਹੋ ਕੇ

ਮੱਤੀ 15:32 ਤਦ ਯਿਸੂ ਨੇ ਆਪਣੇ ਚੇਲਿਆਂ ਨੂੰ ਕੋਲ ਸੱਦ ਕੇ ਕਿਹਾ, ਮੈਨੂੰ **ਲੋਕਾਂ ਉੱਤੇ ਤਰਸ** ਆਉਂਦਾ ਹੈ ਕਿਉਂ ਜੋ ਓਹ ਤਿੰਨਾਂ ਦਿਨਾਂ ਤੋਂ ਮੇਰੇ ਨਾਲ ਰਹਿੰਦੇ ਹਨ ਅਤੇ ਉਨ੍ਹਾਂ ਦੇ ਕੋਲ ਖਾਣ ਨੂੰ ਕੁਝ ਨਹੀਂ ਅਰ ਮੈਂ ਨਹੀਂ ਚਾਹੁੰਦਾ ਜੋ ਉਨ੍ਹਾਂ ਨੂੰ ਭੁੱਖਿਆ ਵਿਦਿਆ ਕਰਾਂ ਮਤੇ ਓਹ ਰਸਤੇ ਵਿੱਚ ਹੁੱਸ ਜਾਣ।

ਲੋਕਾਂ ਵਾਸਤੇ ਉਸ ਦੇ ਦਿਲ ਵਿੱਚ ਜੋ ਪਿਆਰ ਅਤੇ ਦਇਆ ਸੀ ਉਸੇ ਨੇ ਉਸ ਨੂੰ ਪ੍ਰੇਰਿਤ ਕੀਤਾ, ਉਤਸ਼ਾਹਿਤ ਕੀਤਾ ਕਿ ਉਹ ਉਨ੍ਹਾਂ ਲਈ ਕੁਝ ਕਰੇ -> ਅਤੇ ਉਸ ਨੂੰ ਇੱਕ ਮਕਸਦ ਦਿੱਤਾ: ਗੁਆਚੇ ਹੋਇਆਂ ਨੂੰ ਭਾਲੇ ਅਤੇ ਬਚਾਵੇ।

ਲੂਕਾ 8:1-3 ਇਹ ਦੇ ਥੋੜੇ ਚਿਰ ਪਿੱਛੋਂ ਐਉਂ ਹੋਇਆ ਕਿ **ਉਹ** ਨਗਰੋ ਨਗਰ ਅਤੇ ਪਿੰਡੋਂ ਪਿੰਡ **ਫਿਰਦਾ ਹੋਇਆ** ਪਰਚਾਰ ਕਰਦਾ ਅਤੇ ਪਰਮੇਸ਼ੁਰ ਦੇ ਰਾਜ ਦੀ ਖੁਸ਼ ਖਬਰੀ ਸੁਣਾਉਂਦਾ ਸੀ ਅਤੇ ਓਹ ਬਾਰ੍ਹਾਂ ਉਸ ਦੇ ਨਾਲ ਸਨ। ਅਰ **ਕਈ ਤੀਵੀਆਂ** ਵੀ ਜਿਹੜੀਆਂ ਬਦਰੂਹਾਂ ਅਤੇ ਰੋਗਾਂ ਤੋਂ **ਚੰਗੀਆਂ ਕੀਤੀਆਂ ਗਈਆਂ** ਸਨ ਅਰਥਾਤ **ਮਰਿਯਮ** ਜੋ **ਮਗਦਲੀਨੀ** ਕਹਾਉਂਦੀ ਸੀ ਜਿਹ ਦੇ ਵਿੱਚੋਂ **ਸੱਤ ਭੂਤ** ਨਿੱਕਲੇ ਸਨ। ਅਤੇ ਹੇਰੋਦੇਸ ਦੇ ਦਿਵਾਨ ਖੂਜ਼ਾਹ ਨਾਮੇ ਦੀ ਤੀਵੀਂ ਯੋਆਨਾ ਅਰ ਸੁਸੰਨਾ ਅਤੇ **ਹੋਰ ਬਥੇਰੀਆਂ** ਜੋ ਆਪਣੇ ਮਾਲ ਨਾਲ ਉਨ੍ਹਾਂ ਦੀ **ਟਹਿਲ ਸੇਵਾ ਕਰਦੀਆਂ** ਸਨ।

- **ਪਿਆਰ ਨੇ ਉਨ੍ਹਾਂ ਦੇ ਜੀਵਨਾਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ**, ਉਨ੍ਹਾਂ ਨੂੰ ਚੰਗਾ ਕੀਤਾ ਅਤੇ ਉਨ੍ਹਾਂ ਨੂੰ ਅਜ਼ਾਦ ਕੀਤਾ। ਉਹ ਹਰ ਰੋਜ਼ ਯਿਸੂ ਦੇ ਪਿੱਛੇ ਚੱਲਦੇ ਸਨ, ਆਪਣਾ ਸਮਾਂ ਅਤੇ ਪੈਸਾ ਖ਼ਰਚ ਸਨ।
- ਜਦੋਂ ਯਿਸੂ ਨੂੰ ਸਲੀਬ ਚੜ੍ਹਾਇਆ ਗਿਆ ਤਾਂ ਮਰਿਯਮ ਮਗਦਲੀਨੀ ਅਤੇ ਦੂਜੀਆਂ ਔਰਤਾਂ **ਉੱਥੇ ਸਨ। ਕਿਉਂਕਿ ਉਹ ਉਨ੍ਹਾਂ ਨੂੰ ਪ੍ਰੇਮ ਕਰਦਾ ਸੀ।** ਮੱਤੀ 27:56
- ਜਦੋਂ ਯੂਸੁਫ਼ ਨੇ ਯਿਸੂ ਦੀ ਦੇਹ ਨੂੰ ਲਿਜਾ ਕੇ ਆਪਣੀ ਕਬਰ ਵਿੱਚ ਰੱਖਿਆ ਅਤੇ ਕਬਰ ਦੇ ਮੂੰਹ ਨੂੰ ਇੱਕ ਪੱਥਰ ਨਾਲ ਬੰਦ ਕਰ ਦਿੱਤਾ **. .** ਮਰਿਯਮ ਮਗਦਲੀਨੀ **ਉੱਥੇ ਸੀ**। ਮੱਤੀ 27:61
- ਮਰਿਯਮ ਮਗਦਲੀਨੀ ਅਤੇ ਦੂਜੀ ਮਰਿਯਮ ਉਸ ਦਿਨ **ਤੜ੍ਹਕੇ** ਵੀ **ਉੱਥੇ ਸਨ** ਜਦੋਂ ਭੁਚਾਲ ਆਇਆ ਅਤੇ ਇੱਕ ਸਵਰਗਦੂਤ ਨੇ ਪੱਥਰ ਨੂੰ ਕਬਰ ਦੇ ਮੂੰਹ ਤੋਂ ਹਟਾਉਣ ਤੋਂ ਬਾਅਦ **ਉਨ੍ਹਾਂ ਨੂੰ ਦਰਸ਼ਣ ਦੇ ਕੇ** ਕਿਹਾ ਕਿ ਉਹ ਜੀ ਉੱਠਿਆ ਹੈ। ਜਦੋਂ ਉਹ ਦੌੜ ਕੇ ਇਹ ਖ਼ਬਰ ਚੇਲਿਆਂ ਨੂੰ ਦੇਣ ਲਈ ਜਾ ਰਹੀਆਂ ਸਨ ਤਾਂ **ਯਿਸੂ ਪਰਗਟ ਹੋਇਆ ਅਤੇ ਉਨ੍ਹਾਂ ਨਾਲ ਗੱਲਾਂ ਕੀਤੀਆਂ**। ਮੱਤੀ 28:1-10 **ਸਭ ਤੋਂ ਪਹਿਲਾਂ** ਉਨ੍ਹਾਂ ਨੇ ਹੀ ਜੀ ਉੱਠੇ ਪ੍ਰਭੂ ਨੂੰ ਵੇਖਿਆ।

ਯਿਰਮਿਯਾਹ 29:13-14 ਤੁਸੀਂ **ਮੈਨੂੰ ਭਾਲੋਗੇ** ਅਤੇ **ਲੱਭੋਗੇ, ਜਦ ਤੁਸੀਂ ਆਪਣੇ ਸਾਰੇ ਦਿਲ** ਨਾਲ **ਮੈਨੂੰ ਭਾਲੋਗੇ**।

ਕੇਵਲ ਪਿਆਰ ਹੀ ਤੁਹਾਨੂੰ ਆਪਣੇ ਪੂਰੇ ਦਿਲ ਨਾਲ ਉਸ ਨੂੰ ਭਾਲਣ ਲਈ ਮਜ਼ਬੂਰ ਕਰ ਸਕਦਾ ਹੈ

- ਪ੍ਰਭੂ ਦੇ ਜੀ ਉੱਠਣ ਤੋਂ ਬਾਅਦ ਉਹੀ **ਪਹਿਲੀਆਂ** ਮਿਸ਼ਨਰੀ **ਸਨ** ਜਿਨ੍ਹਾਂ ਨੂੰ ਦੂਜਿਆਂ ਨੂੰ ਖੁਸ਼ਖ਼ਬਰੀ ਸੁਣਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਉਨ੍ਹਾਂ ਨੂੰ ਇਹ ਆਦਰ ਉਨ੍ਹਾਂ ਦੀ ਵੱਡੀ ਲਗਨ ਅਤੇ **ਹਮੇਸ਼ਾ ਪ੍ਰਭੂ ਦੇ ਕੋਲ ਰਹਿਣ ਦੀਆਂ** ਉਨ੍ਹਾਂ ਦੀਆਂ ਕੋਸ਼ਿਸ਼ਾਂ ਦੇ ਕਾਰਣ ਮਿਲਿਆ। **ਉਹ ਉਸ ਨੂੰ ਪਿਆਰ ਕਰਦੀਆਂ ਸਨ ! ਕਿਉਂ??**
- ਲੂਕਾ 7:47 ਇਸ ਕਾਰਨ ਮੈਂ ਤੈਨੂੰ ਆਖਦਾ ਹਾਂ ਕਿ ਇਹ ਦੇ ਪਾਪ ਜੋ ਬਹੁਤੇ ਹਨ ਸੋ ਮਾਫ਼ ਕੀਤੇ ਗਏ ਕਿਉਂਕਿ **ਇਸ ਨੇ ਪਿਆਰ ਬਹੁਤ ਕੀਤਾ**, ਪਰ ਜਿਹ ਨੂੰ ਥੋੜਾ ਮਾਫ਼ ਕੀਤਾ ਗਿਆ ਸੋ ਥੋੜਾ ਪਿਆਰ ਕਰਦਾ ਹੈ।
- ਬਾਕੀ ਦੇ ਚੇਲੇ ਡਰ ਕਾਰਨ ਲੁਕੇ ਹੋਏ ਸਨ: ਪੂਰਾ ਪ੍ਰੇਮ ਧੜਕੇ ਨੂੰ ਹਟਾ ਦਿੰਦਾ ਹੈ . . ਅਤੇ ਉਹ ਜੋ ਧੜਕਦਾ ਹੈ ਸੋ ਪ੍ਰੇਮ ਵਿੱਚ ਸੰਪੂਰਨ ਨਹੀਂ ਹੋਇਆ ਹੈ। 1 ਯੂਹੰਨਾ 4:18
- ਜਿੰਨਾ ਜ਼ਿਆਦਾ ਲੋਕ **ਦਇਆ, ਦੇਖਭਾਲ** ਅਤੇ **ਚੰਗਾਈ** ਦੇ ਦੁਆਰਾ **ਪਿਆਰ ਨੂੰ ਮਹਿਸੂਸ ਕਰਨਗੇ** ਅਤੇ ਉਨ੍ਹਾਂ ਨੂੰ ਇਹ ਪਤਾ ਲੱਗੇਗਾ ਕਿ ਸਦੀਪਕ ਜੀਵਨ ਲਈ ਉਨ੍ਹਾਂ ਦੇ ਪਾਪ ਮਾਫ਼ ਹੋ ਗਏ ਹਨ (2 ਕੁਰਿੰਥੀਆਂ 5:19) ਉਨ੍ਹਾਂ ਜ਼ਿਆਦਾ ਮਰਿਯਮ ਮਗਦਲੀਨੀ ਅਤੇ ਦੂਜੀਆਂ ਵਾਂਗ ਉਨ੍ਹਾਂ ਦੇ ਜੀਵਨ ਬਦਲਦੇ ਜਾਣਗੇ।

**ਪਿਆਰ** ਨੇ ਉਨ੍ਹਾਂ ਨੂੰ **ਕੁਝ** ਕਰਨ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਨੂੰ ਇੱਕ **ਮਿਸ਼ਨ** ਦਿੱਤਾ

ਉਦਾਹਰਣ ਜਾਰੀ ਹਨ:

ਲੂਕਾ 19:5-8 ਯਰੀਹੋ ਵਿੱਚੋਂ ਲੰਘਦੇ ਹੋਏ ਯਿਸੂ ਇੱਕ ਮਿਸ਼ਨ ’ਤੇ ਸੀ। ਅਤੇ ਪਿਆਰ ਨੇ ਪ੍ਰਵੇਸ਼ ਕੀਤਾ ਅਤੇ ਜੱਕੀ ਦੇ ਜੀਵਨ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਪ੍ਰਭੁ ਜੀ, ਵੇਖ ਮੈਂ ਆਪਣਾ ਅੱਧਾ ਮਾਲ ਕੰਗਾਲਾਂ ਨੂੰ ਦਿੰਦਾ ਹਾਂ ਅਰ ਜੇ ਮੈਂ ਕਿਸੇ ਉੱਤੇ ਉਜ ਲਾਕੇ ਕੁਝ ਲੈ ਲਿਆ ਹੈ ਤਾਂ ਚੌਗੁਣਾ ਮੋੜ ਦਿੰਦਾ ਹਾਂ। ਅੱਜ ਇਸ ਘਰ ਵਿੱਚ ਮੁਕਤੀ ਆਈ ਹੈ ਕਿਉਂਕਿ ਇਹ ਵੀ ਅਬਰਾਹਮ ਦਾ ਪੁੱਤਰ ਹੈ। ਕਿਉਂ ਜੋ ਮਨੁੱਖ ਦਾ ਪੁੱਤਰ ਗੁਆਚੇ ਹੋਇਆਂ ਨੂੰ ਭਾਲਣ ਅਤੇ ਬਚਾਉਣ ਲਈ ਆਇਆ ਹੈ।

- ਪ੍ਰੇਮ ਕਦੇ ਟਲਦਾ ਨਹੀਂ। ਕੇਵਲ ਪਿਆਰ ਹੀ ਉਹ ਪ੍ਰੇਰਣਾ ਹੈ ਜਿਸ ਵਿੱਚ ਲੋਕਾਂ ਦੇ ਜੀਵਨ ਨੂੰ ਮੂਲੋਂ ਬਦਲ ਦੇਣ ਦੀ ਸ਼ਕਤੀ ਹੈ।

1 ਯੂਹੰਨਾ 4:7-8 ਹੇ ਪਿਆਰਿਓ, ਆਓ ਅਸੀਂ ਇੱਕ ਦੂਏ ਨਾਲ ਪ੍ਰੇਮ ਰੱਖੀਏ ਕਿਉਂ ਜੋ **ਪ੍ਰੇਮ ਪਰਮੇਸ਼ੁਰ ਤੋਂ ਹੈ** ਅਤੇ ਹਰੇਕ ਜਿਹੜਾ ਪ੍ਰੇਮ ਕਰਦਾ ਹੈ ਉਹ **ਪਰਮੇਸ਼ੁਰ ਤੋਂ ਜੰਮਿਆ** ਹੋਇਆ ਹੈ ਅਤੇ **ਪਰਮੇਸ਼ੁਰ ਨੂੰ ਜਾਣਦਾ** ਹੈ। **ਜਿਹੜਾ ਪ੍ਰੇਮ ਨਹੀਂ ਕਰਦਾ ਉਹ ਪਰਮੇਸ਼ੁਰ ਨੂੰ ਨਹੀਂ ਜਾਣਦਾ। ਕਿਉਂ ਜੋ ਪਰਮੇਸ਼ੁਰ ਪ੍ਰੇਮ ਹੈ।**

1 ਪਤਰਸ 4:8 **ਸਭ ਤੋਂ ਪਹਿਲਾਂ** ਇਹ ਹੈ ਭਈ ਤੁਸੀਂ **ਇੱਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ** ਕਿਉਂ ਜੋ **ਪ੍ਰੇਮ** ਬਾਹਲਿਆਂ ਪਾਪਾਂ ਨੂੰ **ਢੱਕ ਲੈਂਦਾ ਹੈ**।

ਮੱਤੀ 18:21-22 ਪ੍ਰਭੁ ਜੀ, ਮੇਰਾ ਭਾਈ ਕਿੰਨੀ ਵਾਰੀ ਮੇਰਾ ਪਾਪ ਕਰੇ ਅਤੇ **ਮੈਂ** ਉਹ ਨੂੰ **ਮਾਫ਼ ਕਰਾਂ**? ਕੀ ਸੱਤ ਵਾਰ ਤੀਕਰ? ਯਿਸੂ ਨੇ ਉਹ ਨੂੰ ਕਿਹਾ . . . ਸੱਤਰ ਦੇ ਸੱਤ ਗੁਣਾ ਤੀਕਰ।

ਕਹਾਉਤਾਂ 10:12 ਵੈਰ ਝਗੜੇ ਛੇੜਦਾ ਹੈ, **ਪਰੰਤੂ ਪ੍ਰੇਮ ਸਭਨਾਂ ਅਪਰਾਧਾਂ ਨੂੰ ਢੱਕ ਲੈਂਦਾ ਹੈ**।

ਕਹਾਉਤਾਂ 17:9 **ਜਿਹੜਾ ਅਪਰਾਧ ਨੂੰ ਢੱਕ ਲੈਂਦਾ ਹੈ ਉਹ ਪ੍ਰੇਮ ਨੂੰ ਭਾਲਦਾ ਹੈ**, ਪਰ ਜੋ ਕਿਸੇ ਗੱਲ ਨੂੰ **ਬਾਰੰਬਾਰ ਛੇੜਦਾ** ਹੈ ਉਹ **ਜਾਨੀ ਮਿੱਤ੍ਰਾਂ ਵਿੱਚ ਫੁੱਟ ਪਾ ਦਿੰਦਾ** ਹੈ।

ਗਲਾਤੀਆਂ 5:6 ਕਿਉਂ ਜੋ ਮਸੀਹ ਯਿਸੂ ਵਿੱਚ ਨਾ ਤਾਂ ਸੁੰਨਤ, ਨਾ ਹੀ ਅਸੁੰਨਤ ਤੋਂ ਕੁਝ ਬਣਦਾ ਹੈ ਸਗੋਂ **ਨਿਹਚਾ** ਤੋਂ **ਜਿਹੜੀ ਪ੍ਰੇਮ ਦੇ ਰਾਹੀਂ ਗੁਣਕਾਰ** ਹੁੰਦੀ ਹੈ ਜਦੋਂ ਪਿਆਰ ਵਧਦਾ ਹੈ . . . ਵਿਸ਼ਵਾਸ ਵਧਦਾ ਹੈ

## ਕੇਵਲ ਆਦਮੀਆਂ ਲਈ

ਅਫ਼ਸੀਆਂ 5:25 ਹੇ ਪਤੀਓ ਆਪਣੀਆਂ ਪਤਨੀਆਂ ਨਾਲ **ਪ੍ਰੇਮ** ਰੱਖੋ ਜਿਵੇਂ ਮਸੀਹ ਨੇ ਵੀ ਕਲੀਸਿਯਾ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ

ਅਫ਼ਸੀਆਂ 5:28-29 ਇਸੇ ਤਰਾਂ ਪਤੀਆਂ ਨੂੰ ਭੀ ਚਾਹੀਦਾ ਹੈ ਜੋ ਆਪਣੀਆਂ ਪਤਨੀਆਂ ਨਾਲ ਅਜਿਹਾ **ਪ੍ਰੇਮ** ਕਰਨ ਜਿਵੇਂ ਆਪਣੇ ਸਰੀਰਾਂ ਨਾਲ ਕਰਦੇ ਹਨ ਜਿਹੜਾ ਆਪਣੀ ਪਤਨੀ ਨਾਲ **ਪ੍ਰੇਮ ਕਰਦਾ** ਹੈ ਉਹ ਆਪਣੇ ਹੀ ਨਾਲ **ਪ੍ਰੇਮ ਕਰਦਾ** ਹੈ। ਕਿਉਂ ਜੋ ਕਿਸੇ ਨੇ ਆਪਣੇ ਸਰੀਰ ਨਾਲ (ਪਤੀ ਅਤੇ ਪਤਨੀਆਂ ਇੱਕ ਸਰੀਰ ਹਨ) ਕਦੇ ਵੈਰ ਨਹੀਂ ਕੀਤਾ ਸਗੋਂ ਉਹ ਉਸ ਨੂੰ **ਪਾਲਦਾ ਪਲੋਸਦਾ** ਹੈ ਜਿਵੇਂ ਮਸੀਹ ਵੀ ਕਲੀਸਿਯਾ ਨੂੰ (ਸ਼ਾਬਦਿਕ: ਬੁਲਾਏ ਹੋਇਆਂ ਨੂੰ)

ਅਫ਼ਸੀਆਂ 5:33 ਪਰ ਤੁਸਾਂ ਵਿੱਚੋਂ ਭੀ ਹਰੇਕ ਆਪੋ ਆਪਣੀ ਪਤਨੀ ਨਾਲ ਆਪਣੇ ਜਿਹਾ ਹੀ **ਪ੍ਰੇਮ** ਕਰੇ ਅਰ ਪਤਨੀ ਆਪਣੇ ਪਤੀ ਦਾ ਮਾਨ ਕਰੇ।

1 ਕੁਰਿੰਥੀਆਂ 16:13-14 ਜਾਗਦੇ ਰਹੋ। ਨਿਹਚਾ ਵਿੱਚ ਦ੍ਰਿੜ੍ਹ ਰਹੋ, ਪੁਰਖਾਰਥ ਕਰੋ (ਪੁਰਖ ਯਿਸੂ ਮਸੀਹ ਵਾਂਗ), ਤਕੜੇ ਹੋਵੋ। **ਤੁਹਾਡੇ ਸਾਰੇ ਕੰਮ ਪ੍ਰੇਮ** ਨਾਲ ਹੋਣ।

ਗਲਾਤੀਆਂ 5: 13-15 ਹੇ ਭਰਾਵੋ, ਤੁਸੀਂ ਤਾਂ ਅਜ਼ਾਦੀ ਲਈ ਸੱਦੇ ਗਏ ਸਾਓ ਪਰ ਆਪਣੀ ਅਜ਼ਾਦੀ ਨੂੰ ਸਰੀਰ ਲਈ ਔਸਰ ਜਾਣ ਕੇ ਨਾ ਵਰਤੋ ਸਗੋਂ **ਪ੍ਰੇਮ ਦੇ ਰਾਹੀਂ ਇੱਕ ਦੂਏ ਦੀ ਟਹਿਲ ਸੇਵਾ ਕਰੋ**। ਕਿਉਂ ਜੋ ਸਾਰੀ ਸ਼ਰਾ ਇੱਕੋ ਗੱਲ ਵਿੱਚ ਸਮਾਪਤ ਹੁੰਦੀ ਹੈ ਅਰਥਾਤ ਇਸ ਵਿੱਚ ਭਈ **ਆਪਣੇ ਗੁਆਂਢੀ ਨਾਲ ਆਪਣੇ ਜਿਹਾ ਪਿਆਰ ਕਰ**। ਪਰ ਜੇ ਤੁਸੀਂ ਇੱਕ ਦੂਏ ਨੂੰ ਚੱਕੀਂ ਚੱਕੀਂ ਪਾੜ ਖਾਓ ਤਾਂ ਵੇਖਣਾ ਭਈ ਤੁਸੀਂ ਇੱਕ ਦੂਏ ਤੋਂ ਕਿਤੇ ਨਾਸ ਨਾ ਹੋ ਜਾਓ!

1 ਕੁਰਿੰਥੀਆਂ 13:13 ਹੁਣ ਤਾਂ ਨਿਹਚਾ, ਆਸ਼ਾ, ਪ੍ਰੇਮ, ਇਹ ਤਿੰਨੇ ਰਹਿੰਦੇ ਹਨ ਪਰ **ਏਹਨਾਂ ਵਿੱਚੋਂ ਉੱਤਮ ਪ੍ਰੇਮ ਹੀ ਹੈ**।
ਅਫ਼ਸੀਆਂ 5:1-2 ਸੋ ਤੁਸੀਂ ਪਿਆਰਿਆਂ ਪੁੱਤ੍ਰਾਂ ਵਾਂਙੁ ਪਰਮੇਸ਼ੁਰ ਦੀ ਰੀਸ ਕਰੋ ਅਤੇ **ਪ੍ਰੇਮ ਨਾਲ ਚੱਲੋ** ਜਿਵੇਂ ਮਸੀਹ ਨੇ ਵੀ **ਤੁਹਾਡੇ ਨਾਲ ਪ੍ਰੇਮ ਕੀਤਾ** ਅਤੇ ਸਾਡੇ ਲਈ **ਆਪਣੇ ਆਪ ਨੂੰ** ਪਰਮੇਸ਼ੁਰ ਦੇ ਅੱਗੇ ਭੇਟ ਅਤੇ ਬਲੀਦਾਨ ਕਰ ਕੇ ਧੂਪ ਦੀ ਸੁਗੰਧ ਲਈ **ਦੇ ਦਿੱਤਾ**

ਇਬਰਾਨੀਆਂ 10:24 ਅਤੇ **ਪ੍ਰੇਮ** ਅਰ ਸ਼ੁਭ ਕਰਮਾਂ ਲਈ **ਉਭਾਰਨ** ਨੂੰ ਅਸੀਂ ਇੱਕ ਦੂਏ ਦਾ ਧਿਆਨ ਰੱਖੀਏ।

## ਆਪਣੇ ਵੈਰੀਆਂ ਨਾਲ “ਕਿਵੇਂ” ਪਿਆਰ ਕਰਨਾ ਹੈ, ਇਸ ਬਾਰੇ ਯਿਸੂ ਦੇ ਆਪਣੇ ਸ਼ਬਦ

ਮੱਤੀ 5:39-48 ਪਰ **ਮੈਂ ਤੁਹਾਨੂੰ ਆਖਦਾ ਹਾਂ** ਜੋ ਦੁਸ਼ਟ ਦਾ **ਸਾਹਮਣਾ ਨਾ ਕਰਨਾ** ਸਗੋਂ ਜੋ ਕੋਈ ਤੇਰੀ **ਸੱਜੀ ਗੱਲ੍ਹ** ਉੱਤੇ **ਚਪੇੜ ਮਾਰੇ** ਤਾਂ **ਦੂਈ ਵੀ ਉਹ ਦੀ ਵੱਲ ਭੁਆ ਦਿਹ**। ਅਤੇ ਜਿਹੜਾ ਤੇਰੇ ਉੱਤੇ ਨਾਲਸ਼ ਕਰ ਕੇ ਤੇਰਾ ਕੁੜਤਾ ਲੈਣਾ ਚਾਹੇ ਤਾਂ

**ਉਹ ਨੂੰ ਚਾਦਰ ਵੀ ਲੈਣ ਦਿਹ।** ਅਤੇ ਜੇ ਕੋਈ ਤੈਨੂੰ ਇੱਕ ਕੋਹ **ਵਿਗਾਰੇ ਲੈ ਜਾਵੇ** ਤਾਂ **ਉਹ ਦੇ ਨਾਲ ਦੋ ਕੋਹ ਚੱਲਿਆ ਜਾਹ।** ਜਿਹੜਾ ਤੈਥੋਂ ਮੰਗੇ ਉਹ ਨੂੰ **ਦਿਹ** ਅਤੇ ਜੋ ਤੇਰੇ ਕੋਲੋਂ ਉਧਾਰ ਮੰਗੇ ਉਸ ਤੋਂ **ਮੂੰਹ ਨਾ ਮੋੜ।**
ਤੁਸਾਂ ਸੁਣਿਆ ਹੈ ਜੋ ਇਹ ਕਿਹਾ ਗਿਆ ਸੀ ਕਿ ਤੂੰ ਆਪਣੇ ਗੁਆਂਢੀ ਨਾਲ ਪਿਆਰ ਕਰ ਅਤੇ ਆਪਣੇ ਵੈਰੀ ਨਾਲ ਵੈਰ ਰੱਖ। ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਆਪਣੇ **ਵੈਰੀਆਂ ਨਾਲ ਪਿਆਰ ਕਰੋ** ਅਤੇ ਜੋ **ਤੁਹਾਨੂੰ ਸਤਾਉਣ** ਉਨ੍ਹਾਂ ਲਈ **ਪ੍ਰਾਰਥਨਾ ਕਰੋ। ਤਾਂ ਜੋ ਤੁਸੀਂ** ਆਪਣੇ ਪਿਤਾ ਦੇ ਜਿਹੜਾ ਸੁਰਗ ਵਿੱਚ ਹੈ **ਪੁੱਤ੍ਰ ਹੋਵੋ** ਕਿਉਂ ਜੋ ਉਹ ਆਪਣਾ ਸੂਰਜ ਬੁਰਿਆਂ ਅਤੇ ਭਲਿਆਂ ਉੱਤੇ ਚਾੜ੍ਹਦਾ ਹੈ ਅਤੇ ਧਰਮੀਆਂ ਅਤੇ ਕੁਧਰਮੀਆਂ ਉੱਤੇ ਮੀਂਹ ਵਰਸਾਉਂਦਾ ਹੈ। "**ਜੇ ਤੁਸੀਂ ਉਨ੍ਹਾਂ ਨਾਲ ਹੀ ਪਿਆਰ ਕਰੋ ਜਿਹੜੇ ਤੁਹਾਡੇ ਨਾਲ ਪਿਆਰ ਕਰਦੇ ਹਨ ਤਾਂ ਤੁਹਾਡਾ ਕੀ ਫਲ ਹੈ?** ਭਲਾ, ਮਸੂਲੀਏ ਭੀ ਇਹੋ ਨਹੀਂ ਕਰਦੇ?" **ਸੋ ਤੁਸੀਂ . . . ਸੰਪੂਰਣ ਹੋਵੋ।** (ਜਾਂ ਆਪਣੇ ਮਾਨਸਿਕ ਅਤੇ ਨੈਤਿਕ ਚਰਿੱਤਰ ਵਿੱਚ ਸੰਪੂਰਣ) ਜਿਵੇਂ ਤੁਹਾਡਾ ਸਵਰਗੀ ਪਿਤਾ ਸੰਪੂਰਣ ਹੈ।

1 ਕੁਰਿੰਥੀਆਂ 13:1-8 ਭਾਵੇਂ ਮੈਂ ਮਨੁੱਖਾਂ ਅਤੇ ਸੁਰਗੀ ਦੂਤਾਂ ਦੀਆਂ ਬੋਲੀਆਂ ਬੋਲਾਂ ਪਰ ਜੇ ਮੇਰੇ ਵਿੱਚ **ਪ੍ਰੇਮ** ਨਾ ਹੋਵੇ ਤਾਂ ਠਣ ਠਣ ਕਰਨ ਵਾਲਾ ਪਿੱਤਲ ਅਥਵਾ ਛਣ ਛਣ ਕਰਨ ਵਾਲੇ ਛੈਣੇ ਬਣਿਆ ਹਾਂ। "ਅਤੇ ਭਾਵੇਂ ਮੈਨੂੰ ਅਗੰਮ ਵਾਕ ਬੋਲਣਾ ਆਵੇ ਅਤੇ ਮੈਂ ਸਾਰਾ ਭੇਤ ਅਤੇ ਸਾਰਾ ਗਿਆਨ ਜਾਣਾ ਅਤੇ ਭਾਵੇਂ ਮੈਂ ਪੂਰੀ ਨਿਹਚਾ ਰੱਖਾਂ ਅਜਿਹੀ ਭਈ ਪਹਾੜਾਂ ਨੂੰ ਹਟਾ ਦਿਆਂ ਪਰ **ਪ੍ਰੇਮ** ਨਾ ਰੱਖਾਂ, ਮੈਂ ਕੁਝ ਵੀ ਨਹੀਂ।" "ਅਤੇ ਭਾਵੇਂ ਮੈਂ ਆਪਣਾ ਸਾਰਾ ਮਾਲ ਖੁਆਉਣ ਲਈ ਪੁੰਨ ਕਰ ਦਿਆਂ ਅਤੇ ਭਾਵੇਂ ਮੈਂ ਆਪਣਾ ਸਰੀਰ ਸੜਨ ਲਈ ਦੇ ਦਿਆਂ ਪਰ **ਪ੍ਰੇਮ** ਨਾ ਰੱਖਾਂ, ਤਾਂ ਕੁਝ ਲਾਭ ਨਹੀਂ।" "**ਪ੍ਰੇਮ** ਧੀਰਜਵਾਨ ਅਤੇ ਕਿਰਪਾਲੂ ਹੈ। **ਪ੍ਰੇਮ** ਖੁਣਸ ਨਹੀਂ ਕਰਦਾ। **ਪ੍ਰੇਮ** ਫੁੱਲਦਾ ਨਹੀਂ, **ਪ੍ਰੇਮ** ਫੂੰ ਫੂੰ ਨਹੀਂ ਕਰਦਾ," "ਕੁਚੱਜਿਆਂ ਨਹੀਂ ਕਰਦਾ, ਆਪ ਸੁਆਰਥੀ ਨਹੀਂ, ਚਿੜ੍ਹਦਾ ਨਹੀਂ, ਬੁਰਾ ਨਹੀਂ ਮੰਨਦਾ।" ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ ਸਗੋਂ ਸਚਿਆਈ ਨਾਲ ਅਨੰਦ ਹੁੰਦਾ ਹੈ। "ਸਭ ਕੁਝ ਝੱਲ ਲੈਂਦਾ, ਸਭਨਾਂ ਗੱਲਾਂ ਦੀ ਪਰਤੀਤ ਕਰਦਾ, ਸਭਨਾਂ ਗੱਲਾਂ ਦੀ ਆਸ ਰੱਖਦਾ, ਸਭ ਕੁਝ ਸਹਿ ਲੈਂਦਾ।"

## ਪ੍ਰੇਮ ਕਦੇ ਟਲਦਾ ਨਹੀਂ

ਅਫ਼ਸੀਆਂ 3:14-19 ਇਸ ਕਾਰਨ ਮੈਂ ਉਸ ਪਿਤਾ ਦੇ ਅੱਗੇ ਆਪਣੇ ਗੋਡੇ ਨਿਵਾਉਂਦਾ ਹਾਂ ਜਿਸ ਤੋਂ ਅਕਾਸ਼ ਅਤੇ ਧਰਤੀ ਉਤਲੇ ਹਰੇਕ ਘਰਾਣੇ ਦਾ ਨਾਉਂ ਆਖੀਦਾ ਹੈ ਭਈ ਉਹ ਆਪਣੇ ਪਰਤਾਪ ਦੇ ਧਨ ਅਨੁਸਾਰ ਤੁਹਾਨੂੰ ਇਹ ਦਾਨ ਕਰੇ ਜੋ ਤੁਸੀਂ ਉਹ ਦੇ ਆਤਮਾ ਦੇ ਰਾਹੀਂ ਅੰਦਰਲੀ ਇਨਸਾਨੀਅਤ ਵਿੱਚ ਸਮਰੱਥਾ ਨਾਲ ਬਲਵੰਤ ਬਣੋ ਕਿ ਮਸੀਹ ਤੁਹਾਡਿਆਂ ਮਨਾਂ ਵਿੱਚ ਨਿਹਚਾ ਦੇ ਦੁਆਰਾ ਵੱਸੇ ਤਾਂ ਜੋ **ਪ੍ਰੇਮ ਵਿੱਚ ਗੱਡ ਕੇ ਅਤੇ ਠੁੱਕ ਕੇ** ਤੁਸੀਂ ਸਾਰੇ ਸੰਤਾਂ ਸਣੇ ਇਸ ਗੱਲ ਨੂੰ ਚੰਗੀ ਤਰਾਂ ਸਮਝ ਸੱਕੋ ਭਈ ਕਿੰਨੀ ਹੀ ਚੁੜਾਈ ਲੰਬਾਈ ਉਚਾਈ ਅਤੇ ਡੂੰਘਾਈ ਹੈ ਅਤੇ ਮਸੀਹ ਦੇ **ਪ੍ਰੇਮ** ਨੂੰ ਜੋ ਗਿਆਨ ਤੋਂ ਪਰੇ ਹੈ ਚੰਗੀ ਤਰਾਂ **ਜਾਣ ਸੱਕੋ ਭਈ ਤੁਸੀਂ ਪਰਮੇਸ਼ੁਰ ਦੀ ਸਾਰੀ ਭਰਪੂਰੀ ਤੀਕ ਭਰਪੂਰ ਹੋ ਜਾਓ।**

## ਪਰਮੇਸ਼ੁਰ ਪ੍ਰੇਮ ਹੈ

1 ਯੂਹੰਨਾ 4:7-8 "ਹੇ ਪਿਆਰਿਓ, ਆਓ ਅਸੀਂ **ਇੱਕ ਦੂਏ ਨਾਲ ਪ੍ਰੇਮ ਰੱਖੀਏ** ਕਿਉਂ ਜੋ **ਪ੍ਰੇਮ** ਪਰਮੇਸ਼ੁਰ ਤੋਂ ਹੈ ਅਤੇ ਹਰੇਕ **ਜਿਹੜਾ ਪ੍ਰੇਮ ਕਰਦਾ ਹੈ** ਉਹ **ਪਰਮੇਸ਼ੁਰ ਤੋਂ ਜੰਮਿਆ** ਹੋਇਆ ਹੈ ਅਤੇ **ਪਰਮੇਸ਼ੁਰ ਨੂੰ ਜਾਣਦਾ** ਹੈ।" ਜਿਹੜਾ **ਪ੍ਰੇਮ ਨਹੀਂ ਕਰਦਾ** ਉਹ **ਪਰਮੇਸ਼ੁਰ ਨੂੰ ਨਹੀਂ ਜਾਣਦਾ।** ਕਿਉਂ ਜੋ **ਪਰਮੇਸ਼ੁਰ ਪ੍ਰੇਮ ਹੈ।**